THE PUNJAB STATE BOARD OF TECHNICAL
EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 0172-2615385, 2622584-85 FAX : 2660734

ਨੰ.ਪੀਐਸਬੀ/ਆਈਟੀ/ਪ੍ਰੀਖਿਆ 2015/ 2506 ਮਿਤੀ: 30/7/15

ਸੇਵਾ ਵਿਖੇ,

ਪ੍ਰਿੰਸੀਪਲ/ਇੰਚਾਰਜ,
ਸਮੂਹ ਪ੍ਰੀਖਿਆ ਕੇਂਦਰ (ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ ਅਧੀਨ), ਜੁਲਾਈ 2015 ।

ਵਿਸ਼ਾ: ਜੁਲਾਈ 2015 ਦੌਰਾਨ ਹੋ ਰਹੀ ਪ੍ਰੀਖਿਆ ਸਬੰਧੀ ਜਰੂਰੀ ਹਦਾਇਤਾਂ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਦਸਿਆ ਜਾਂਦਾ ਹੈ ਕਿ ਜੁਲਾਈ 2015 ਦੌਰਾਨ ਹੋ ਰਹੀ ਐਨ.ਸੀ.ਵੀ.ਟੀ/ਐਸ.ਸੀ.ਵੀ.ਟੀ ਦੀ ਪ੍ਰੀਖਿਆ ਲੈਣ ਲਈ ਆਪ ਜੀ ਦੀ ਸੰਸਥਾ ਨੂੰ ਪ੍ਰੀਖਿਆ ਕੇਂਦਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਜਨਹਿੱਤ ਵਿੱਚ ਕਈ ਸਬ ਸੈਂਟਰ ਵੀ ਬਣਾਏ ਗਏ ਹਨ। ਪ੍ਰੀਖਿਆ ਨੂੰ ਸੁਚੱਜੇ ਢੰਗ ਨਾਲ ਚਲਾਉਣ ਲਈ ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਜੀ ਦੁਆਰਾ ਪੇਪਰ ਸ਼ੁਰੂ ਹੋਣ ਤੋਂ ਅੱਧਾ ਘੰਟਾ ਪਹਿਲਾ ਆਪ ਜੀ ਦੀ ਸੰਸਥਾ ਦੇ ਅਧੀਨ ਆਉਂਦੇ ਸਬ ਸੈਂਟਰਾਂ ਵਿੱਚ ਲੋੜ ਅਨੁਸਾਰ ਸਬੰਧਤ ਪ੍ਰਸ਼ਨ ਪੱਤਰ ਭੇਜਣਾ ਯਕੀਨੀ ਬਣਾਉਣਗੇ ਤਾਂ ਜੋ ਡੀ.ਜੀ.ਟੀ, ਨਵੀਂ ਦਿੱਲੀ ਦੀਆਂ ਹਦਾਇਤਾਂ ਮੁਤਾਬਿਕ ਪ੍ਰੀਖਿਆ ਸਮੇਂ ਸਿਰ ਅਤੇ ਨਿਰਵਿਘਨ ਸ਼ੁਰੂ ਕੀਤੀ ਜਾ ਸਕੇ। ਇਸ ਤੋਂ ਇਲਾਵਾ ਸਮੂਹ ਪ੍ਰੀਖਿਆ ਕੇਂਦਰ ਵਿੱਚ ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਹਰ ਰੋਜ਼ ਪ੍ਰੀਖਿਆ ਖਤਮ ਹੋਣ ਤੋਂ ਬਾਅਦ ਜਿਸ ਕਮਰੇ ਵਿੱਚ ਉੱਤਰਕਾਪੀਆਂ ਸੰਭਾਲ ਕੇ ਰੱਖੀਆਂ ਜਾਣੀਆਂ ਹਨ ਉਸ ਕਮਰੇ ਨੂੰ ਤਾਲਾ ਲਗਾ ਕੇ ਉਸ ਉੱਤੇ ਸੀਲ ਲੱਗੀ ਹੋਵੇ ਜਿਸ ਉੱਤੇ ਕਿ ਸੁਪਰਡੰਟ ਪ੍ਰੀਖਿਆ ਅਤੇ ਸਬੰਧਤ ਪ੍ਰਿੰਸੀਪਲ ਦੇ ਹਸਤਾਖਰ ਹੋਣੇ ਲਾਜਮੀ ਹੋਣਗੇ।

ਰਵਿੰਦਰ ਸਿੰਘ,
ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)